# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ




## ਕੇਂਦਰੀ ਜੇਲ੍ਹ ਵਿਖੇ ਕੈਦੀਆਂ ਅਤੇ ਹਵਾਲਾਤੀਆਂ ਲਈ ਲਗਾਇਆ ਮੈਡੀਕਲ ਕੈਂਪ

*ਕੈਦੀਆਂ ਤੇ ਹਵਾਲਾਤੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਕੀਤਾ ਪ੍ਰੇਰਿਆ*

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ



ਬਠਿੰਡਾ, 4 ਜਨਵਰੀ: ਮਾਣਯੋਗ ਮੈਂਬਰ ਸਕੱਤਰ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਮੋਹਾਲੀ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਵਿੱਚ 06 ਜਨਵਰੀ 2026 ਤੱਕ ਯੂਥ ਅਗੇਨਸਟ ਡਰੱਗਸ ਮੁਹਿੰਮ ਚਲਾਈ ਗਈ ਹੈ, ਜਿਸ ਤਹਿਤ ਜਿਲ੍ਹਾ ਅਤੇ ਸੈਸ਼ਨ ਜੱਜ, ਬਠਿੰਡਾ ਸ਼੍ਰੀ ਕਰੁਨੇਸ਼ ਕੁਮਾਰ ਦੇ ਦਿਸ਼ਾਂ ਨਿਰਦੇਸ਼ਾਂ ਅਤੇ ਮਾਣਯੋਗ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਬਠਿੰਡਾ ਮਿਸ. ਬਲਜਿੰਦਰ ਕੌਰ ਮਾਨ ਦੇ ਦਿਸ਼ਾਂ-ਨਿਰਦੇਸ਼ਾਂ ਤਹਿਤ ਅੱਜ ਕੇਂਦਰੀ ਜੇਲ੍ਹ ਬਠਿੰਡਾ ਵਿਖੇ ਕੈਦੀਆਂ ਅਤੇ ਹਵਾਲਾਤੀਆਂ ਲਈ ਮੈਡੀਕਲ ਕੈਂਪ ਲਗਾਇਆ ਗਿਆ।

ਜ਼ਿਲ੍ਹਾ ਅਤੇ ਸੈਸ਼ਨ ਜੱਜ ਅਤੇ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਵੀ ਇਸ ਮੈਡੀਕਲ ਕੈਂਪ ਦਾ ਦੌਰਾ ਕੀਤਾ ਗਿਆ ਅਤੇ ਜੱਜ ਸਾਹਿਬਾਨ ਵੱਲੋਂ ਕੈਦੀਆਂ ਅਤੇ ਹਵਾਲਾਤੀਆਂ ਨਾਲ ਮੁਲਾਕਾਤ ਵੀ ਕੀਤੀ ਗਈ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਵੀ ਪ੍ਰੇਰਿਆ ਗਿਆ। ਇਸ ਤੋਂ ਇਲਾਵਾ ਐਲ.ਏ.ਡੀ. ਸੀ. ਵਕੀਲ ਸਾਹਿਬਾਨਾਂ ਵੱਲੋਂ ਵੀ ਕੇਂਦਰੀ ਜੇਲ੍ਹ ਬਠਿੰਡਾ ਅਤੇ ਜਨਾਨਾ ਜੇਲ੍ਹ ਬਠਿੰਡਾ ਵਿਖੇ ਕੈਦੀਆਂ ਅਤੇ ਹਵਾਲਾਤੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਸੈਮੀਨਾਰ ਲਗਾਇਆ ਗਿਆ।

ਇਲਾਵਾ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹੇ ਵਿੱਚ ਵੱਖ-ਵੱਖ ਪਿੰਡਾ, ਸਕੂਲਾ, ਸ਼ਹਿਰਾਂ ਅਤੇ ਕਾਲਜਾਂ ਵਿੱਚ ਪੀ.ਐਲ.ਵੀਜ਼ ਅਤੇ ਪੈਨਲ ਵਕੀਲਾਂ ਦੇ ਸਹਿਯੋਗ ਨਾਲ ਸੈਮੀਨਾਰ, ਰੈਲੀਆਂ ਕੱਢੀਆਂ, ਨੁਕੜ ਨਾਟਕ ਕੀਤੇ ਜਾ ਰਹੇ ਹਨ। ਇਨ੍ਹਾਂ ਪ੍ਰੋਗਰਾਮਾਂ ਤੋਂ ਇਲਾਵਾ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਵੀ ਸਕੂਲਾਂ ਵਿੱਚ ਸੈਮੀਨਾਰ, ਕੁਇਜ ਮੁਕਾਬਲੇ, ਪੇਂਟਿੰਗ ਮੁਕਾਬਲੇ, ਡਕਲਾਮੇਸ਼ਨ ਮੁਕਾਬਲੇ ਆਦਿ ਕਰਵਾਏ ਜਾ ਰਹੇ ਹਨ, ਜਿਨ੍ਹਾਂ ਦਾ ਮਨੋਰਥ ਵਿਦਿਆਰਥੀਆਂ ਨੂੰ ਨਸ਼ੇ ਨਾ ਕਰਨ ਸਬੰਧੀ ਜਾਗਰੂਕ ਕਰਨਾ ਹੈ। ਇਸ ਮੁਹਿੰਮ ਦਾ ਮੁੱਖ ਮਕਸਦ ਲੋਕਾਂ ਨੂੰ ਨਸ਼ੇ ਨਾ ਕਰਨ ਸਬੰਧੀ ਜਾਗਰੂਕ ਕਰਨਾ ਹੈ ਤਾਂ ਜੋ ਲੋਕ ਨਸ਼ਿਆਂ ਨੂੰ ਛੱਡ ਕੇ ਆਪਣੀ ਜਿੰਦਗੀ ਨੂੰ ਸਹੀ ਰਾਹ ਦੇ ਸਕਣ। ਇਸ ਮੰਤਵ ਦੀ ਪੂਰਤੀ ਲਈ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਪੈਨਲ ਵਕੀਲਾ, ਪੈਰਾ ਲੀਗਲ ਵਲੰਟੀਅਰਾਂ ਨਾਲ ਮਿਲ ਕੇ ਜਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਸੈਮੀਨਾਰ ਲਗਾਏ ਜਾ ਰਹੇ ਹਨ।

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਵੱਲੋਂ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਧ ਤੋਂ ਵੱਧ ਇਨ੍ਹਾਂ ਪ੍ਰੋਗਰਾਮਾਂ ਵਿੱਚ ਹਿੱਸਾ ਲੈਣ ਤਾਂ ਜੋ ਪੰਜਾਬ ਨੂੰ ਨਸ਼ਾ ਮੁਕਤ ਬਣਾਇਆ ਜਾ ਸਕੇ।

## ਮਾਨਸਰੋਵਰ ਸਾਹਿਤ ਅਕਾਦਮੀ ਵੱਲੋਂ ਸ਼ਾਨਦਾਰ ਲਾਈਵ ਪ੍ਰੋਗਰਾਮ ਦੇ ਨਾਲ ਸਾਲ 2026 ਦਾ ਕੀਤਾ ਗਿਆ ਆਗਾਜ਼ – ਸੂਦ ਵਿਰਕ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ-ਚੇਤਨ ਸ਼ਰਮਾ




ਰਾਜਸਥਾਨ/ਹਨੂੰਮਾਨਗੜ੍ਹ 4 ਜਨਵਰੀ : ਪੰਜਾਬੀ ਭਾਸ਼ਾ ਇਕਾਈ ਮਾਨਸਰੋਵਰ ਸਾਹਿਤ ਅਕਾਦਮੀ ਰਾਜਸਥਾਨ ਵੱਲੋਂ ਮਿਤੀ 04 ਜਨਵਰੀ 2026 ਦਿਨ ਐਤਵਾਰ ਨੂੰ ਸ਼ਾਨਦਾਰ ਪੰਜਾਬੀ ਲਾਈਵ ਕਵੀ ਦਰਬਾਰ ਦੇ ਨਾਲ ਸਾਲ 2026 ਦਾ ਆਗਾਜ਼ ਕੀਤਾ ਗਿਆ। ਜਿਸ ਵਿੱਚ ਕਵੀ ਪ੍ਰਵੀਨ ਕੌਰ ਸਿੱਧੂ, ਅਮ੍ਰਿਤ ਪਾਲ ਕੌਰ, ਰਮਣੀਕ ਸਿੰਘ ਘੁੰਮਣ, ਸਤਨਾਮ ਸਿੰਘ ਅਬੋਹਰ ਅਤੇ ਜਸਵਿੰਦਰ ਕਲਸੀ ਸੈਫਾਬਾਦ ਵਾਲਾ ਨੇ ਸਮੂਲੀਅਤ ਕੀਤੀ।ਪ੍ਰੋਗਰਾਮ ਦਾ ਆਗਾਜ਼ ਸੰਚਾਲਕ ਮਹਿੰਦਰ ਸੂਦ ਵਿਰਕ ਨੇ ਸ਼ਾਨਦਾਰ ਅੰਦਾਜ਼ ਵਿੱਚ ਆਪਣੀ ਮੌਲਿਕ ਕਵਿਤਾ "ਨਵੇਂ ਸਾਲ ਦੀ ਹਰ ਨਵੀਂ ਸਵੇਰ" ਦੇ ਨਾਲ ਕੀਤਾ। ਫਿਰ ਪ੍ਰਵੀਨ ਕੌਰ ਸਿੱਧੂ ਅਤੇ ਅਮ੍ਰਿਤ ਪਾਲ ਕੌਰ ਨੇ ਕਵਿਤਾਵਾਂ ਸੁਣਾ ਕੇ ਸਰੋਤਿਆਂ ਨੂੰ ਨਵੇਂ ਸਾਲ ਦੀ ਵਧਾਈ ਦੇ ਕੇ ਵਾਹ-ਵਾਹ ਖੱਟੀ। ਰਮਣੀਕ ਸਿੰਘ ਘੁੰਮਣ ਅਤੇ ਸਤਨਾਮ ਸਿੰਘ ਅਬੋਹਰ ਨੇ ਸੇਧ ਵਰਧਕ ਕਵਿਤਾਵਾਂ ਪੇਸ਼ ਕੀਤੀਆਂ। ਜਸਵਿੰਦਰ ਕਲਸੀ ਸੈਫਾਬਾਦ ਵਾਲਾ ਵੀ ਕਵਿਤਾਵਾਂ ਦੀ ਸਾਂਝ ਪਾਈ। ਪ੍ਰੋਗਰਾਮ ਪ੍ਰਬੰਧਕ ਇਕਬਾਲ ਸਿੰਘ ਸਹੋਤਾ ਅਤੇ ਸੰਸਥਾਪਕ ਮਾਨ ਸਿੰਘ ਸੁਥਾਰ ਤੇ ਚੇਅਰਮੈਨ ਮੈਡਮ ਸੀਯਾ ਭਾਰਤੀ ਜੀ ਨੇ ਕਵੀ ਦਰਬਾਰ ਵਿੱਚ ਸ਼ਾਮਿਲ ਸਾਰੇ ਕਵੀ ਸਾਹਿਬਾਨ ਨੂੰ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕਰਨ ਦਾ ਐਲਾਨ ਕੀਤਾ ਅਤੇ ਸਭ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ। ਅਖੀਰ ਸੰਚਾਲਕ ਸੂਦ ਵਿਰਕ ਨੇ ਆਪਣੀ ਮੌਲਿਕ ਕਵਿਤਾ "ਇੱਕ ਅਰਜ਼ੋਈ" ਦੇ ਨਾਲ ਪ੍ਰੋਗਰਾਮ ਦੀ ਸਮਾਪਤੀ ਕੀਤੀ।

## ਕਵੀ ਮੰਚ ਮੁਹਾਲੀ ਵੱਲੋਂ ਨਵਾਂ ਸਾਲ 2026 ਦਾ ਕੈਲੰਡਰ ਰਿਲੀਜ ਤੇ ਸ਼ਾਨਦਾਰ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼ ਅਸ਼ੋਕ ਸ਼ਰਮਾ-ਚੇਤਨ ਸ਼ਰਮਾ

ਮੁਹਾਲੀ 4 ਜਨਵਰੀ : ਕਵੀ ਮੰਚ (ਰਜਿ) ਮੁਹਾਲੀ ਵੱਲੋਂ ਇੱਕ ਵਿਸੇਸ਼ ਇਕੱਤਰਤਾ ਸ਼ਾਪ ਨੰਬਰ 2 ਸਮਾਰਟ ਡਿਸਪੋਸਲ ਏ ਟੀ ਐਮ ਵਾਲੀ ਗਲੀ ਐੱਲ ਆਈ ਸੀ ਕਾਲੋਨੀ ਮੁੰਡੀ ਖਰੜ, ਮੁਹਾਲੀ ਵਿਖ਼ੇ ਭਗਤ ਰਾਮ ਰੰਗਾੜਾ ਦੀ ਪ੍ਰਧਾਨਗੀ ਹੇਠ ਹੋਈ ਜਦ ਕਿ ਪ੍ਰਧਾਨਗੀ ਮੰਡਲ ਵਿੱਚ ਬਲਕਾਰ ਸਿੰਘ ਸਿੱਧੂ, ਪ੍ਰਿ ਬਹਾਦਰ ਸਿੰਘ ਗੋਸਲ ਤੇ ਗੀਤਕਾਰ ਰਣਜੋਧ ਸਿੰਘ ਰਾਣਾ ਸ਼ਸ਼ੋਭਿਤ ਹੋਏ। ਮੰਚ ਵੱਲੋਂ ਸਾਲ 2025 ਨੂੰ ਅਲਵਿਦਾ ਤੇ ਨਵੇਂ ਸਾਲ 2026 ਨੂੰ ਜੀ ਆਇਆਂ ਆਖਿਆ ਤੇ ਨਵੇਂ ਸਾਲ 2026 ਦਾ ਕੈਲੰਡਰ ਵੀ ਲੋਕ ਅਰਪਣ ਕੀਤਾ ਗਿਆ। ਦੂਸਰੇ ਦੌਰ ਵਿੱਚ ਕਵੀ ਦਰਬਾਰ ਦਾ ਆਗਾਜ਼ ਕਰਦਿਆਂ ਲੋਕ ਗਾਇਕ ਅਮਰ ਵਿਰਦੀ ਨੇ ਧਾਰਮਿਕ ਰੰਗਣ ਵਾਲੇ ਗੀਤ ਸੁਣਾਏ। ਉਸ ਉਪਰੰਤ ਗੀਤਕਾਰ ਧਿਆਨ ਸਿੰਘ ਕਾਹਲੋਂ ਨੇ ਆਪਣੀ ਆਉਣ ਵਾਲੀ ਗੀਤ ਪੁਸਤਕ ਤੇਤਰੇ ਮੇਤਰੇ ਬੋਲ ਵਿੱਚੋਂ ਦਸ਼ਮੇਸ਼ ਪਿਤਾ ਦੇ ਲਾਲਾਂ ਨੂੰ ਸਮਰਪਿਤ ਗੀਤ ਜਿਸਦੇ ਬੋਲ ਸਨ -ਚਾਰੇ ਲਾਲ ਵਾਰੇ ਬਣ ਦਾਨੀ ਬਾਜ਼ਾਂ ਵਾਲਿਆ ਨਾਲ ਸਰੋਤਿਆਂ ਨੂੰ



ਧਾਰਮਿਕ ਰੰਗਣ ਵਿੱਚ ਰੰਗ ਦਿੱਤਾ। ਫਿਰ ਵਾਰੀ ਆਈ ਗੀਤਕਾਰ ਰਣਜੋਧ ਰਾਣਾ, ਐਡਵੋਕੇਟ ਨੀਲਮ ਨਾਰੰਗ, ਸੁਰਜੀਤ ਸੁਮਨ, ਬਲਕਾਰ ਸਿੱਧੂ, ਰਤਨ ਬਾਬਕ ਵਾਲਾ, ਪਿਆਰਾ ਸਿੰਘ ਰਾਹੀ, ਜਗਤਾਰ ਜੋਗ, ਮਲਕੀਤ ਨਾਗਰਾ, ਦਰਸ਼ਨ ਤਿਓਣਾ ਜਿਨ੍ਹਾਂ ਨੇ ਆਪਣੀ ਕਲਮ ਵਿੱਚੋਂ ਨਿਕਲੀਆਂ ਧਾਰਮਿਕ ਰਚਨਾਵਾਂ, ਨਾਲ ਆਪਣੀ ਹਾਜ਼ਰੀ ਬਾਖ਼ੂਬੀ ਲਵਾਈ ਗਈ। ਸਮਾਗਮ ਦੀ ਗਰਿਮਾ ਨੂੰ ਬਰਕਰਾਰ ਰੱਖਦੇ ਹੋਏ ਕਵੀ ਦਰਬਾਰ ਨੂੰ ਅੱਗੇ ਵਧਾਉਂਦਿਆਂ ਗੁਰਸ਼ਰਨ ਕਾਕਾ, ਸੁਮਿਤਰ ਦੋਸਤ, ਨਿਰਮਲ ਮੋਹਨ, ਦੀਆ ਮੋਹਨ, ਭਗਤ ਰਾਮ ਰੰਗਾੜਾ, ਰਾਜ ਕੁਮਾਰ ਸਾਹੋਵਾਲੀਆ, ਸਰਬਜੀਤ ਸਿੰਘ, ਬਲਵਿੰਦਰ ਢਿੱਲੋਂ, ਪਾਲ ਅਜਨਬੀ, ਪ੍ਰਿ ਬਹਾਦਰ ਸਿੰਘ ਗੋਸਲ ਨੇ ਆਪੋ ਆਪਣੀ ਕਲਮ ਦੇ ਫ਼ਨ ਦਾ ਮੁਜ਼ਾਹਰਾ ਕਰਦਿਆਂ ਹਾਜ਼ਰੀਨ ਤੋਂ ਦਾਦ ਖੱਟੀ। ਸਮਾਗਮ ਦੀ ਸ਼ੋਭਾ ਬਣੇ ਸੂਬਾ ਪਰਮਜੀਤ ਰਾਏ, ਸੁਰਿੰਦਰ ਵਰਮਾ, ਦਿਨੇਸ਼ ਵਧਾਵਨ, ਸੁਰਿੰਦਰ ਕੁਮਾਰ, ਅਸ਼ੋਕ ਛੋੜੀਆਂ, ਅਸ਼ੋਕ ਮਹਾਜਨ, ਨਿਰਮੈਲ ਸਿੰਘ ਕੰਬੋਜ਼, ਬਲਵਿੰਦਰ ਸਿੰਘ, ਕੇ ਪੀ ਸ਼ਰਮਾ ਤੇ ਨਿਖਲ ਮੋਹਨ ਨੇ ਲੰਮਾ ਸਮਾਂ ਹਾਜ਼ਰੀ ਭਰ ਕੇ ਚੰਗੇ ਸਰੋਤੇ ਹੋਣ ਦਾ ਸਬੂਤ ਬਾਖ਼ੂਬੀ ਦਿੱਤਾ। ਜਗਪਾਲ ਸਿੰਘ ਆਈ ਏ ਐਫ (ਰਿਟਾ) ਨੇ ਜਿੱਥੇ ਹਾਜ਼ਰੀ ਭਰੀ ਉਥੇ ਮੰਚ ਦੀ ਮਾਲੀ ਮਦਦ ਵੀ ਕੀਤੀ। ਪ੍ਰੋਗਰਾਮ ਦਾ ਮੰਚ ਸੰਚਾਲਨ ਜਨਰਲ ਸੱਕਤਰ ਰਾਜ ਕੁਮਾਰ ਸਾਹੋਵਾਲੀਆ ਨੇ ਬਾਖ਼ੂਬੀ ਕੀਤਾ ਜਦ ਕਿ ਆਏ ਮਹਿਮਾਨਾਂ ਦੀ ਚਾਹ ਪਾਣੀ ਦੀ ਸੇਵਾ ਅਸ਼ੋਕ ਕੁਮਾਰ ਛੋੜੀਆਂ ਨੇ ਨਿਭਾਈ। ਇਸ ਮੌਕੇ ਤੇ ਮੰਚ ਦੇ ਪ੍ਰਧਾਨ ਭਗਤ ਰਾਮ ਰੰਗਾੜਾ ਵੱਲੋਂ ਨਵੀਂ ਸਾਂਝੀ ਕਾਵਿ ਪੁਸਤਕ ਛੇਤੀ ਪੰਜਾਬੀ ਮਾਂ ਬੋਲ਼ੀ ਦੀ ਝੋਲੀ ਪਾਉਣ ਦਾ ਐਲਾਨ ਵੀ ਕੀਤਾ। ਇਸਤਰਾਂ ਪ੍ਰੋਗਰਾਮ ਅਮਿਟ ਪੈੜਾਂ ਛੱਡਦਾ, ਸਿਖਰਾਂ ਛੂਹ ਕੇ ਸੰਪੰਨ ਹੋਇਆ।

## ਕੈਬਨਿਟ ਸਬ ਕਮੇਟੀ ਵੱਲੋ ਜੁਆਇੰਟ ਐਕਸ਼ਨ ਕਮੇਟੀ ਨੂੰ 12 ਜਨਵਰੀ 2026 ਨੂੰ ਮੀਟਿੰਗ ਸੱਦਾ

### ਸਰਕਾਰ ਦੀ ਪਹਿਲਕਦਮੀ ਨੂੰ ਮੁੱਖ ਰੱਖਦਿਆਂ 04.01.2026 ਦੇ ਮੁੱਖ ਮੰਤਰੀ ਦੀ ਕੋਠੀ ਦੇ ਘਿਰਾਉ ਦਾ ਐਕਸ਼ਨ ਮੁਲਤਵੀ— ਜਸਵੀਰ ਸਿੰਘ ਪਾਲ

ਵਰਲਡ ਪੰਜਾਬੀ ਟਾਈਮਜ਼

ਚੰਡੀਗੜ੍ਹ 04 ਜਨਵਰੀ: 27 ਅਨੁਸੂਚਿਤ ਜਾਤੀਆਂ, ਪੱਛੜੀਆਂ ਸ਼੍ਰੇਣੀਆਂ ਦੀਆਂ ਮੁਲਾਜਮ ਅਤੇ ਸਮਾਜਿਕ ਜਥੇਬੰਦੀਆਂ ਦੀ ਜੁਆਇੰਟ ਐਕਸ਼ਨ ਕਮੇਟੀ ਦੇ 25 ਮੈਬਰੀ ਵਫਦ ਨੂੰ ਕੈਬਨਿਟ ਸਬ ਕਮੇਟੀ ਵੱਲੋ 12 ਜਨਵਰੀ 2026 ਨੂੰ ਸਿਵਲ ਸਕੱਤਰੇਤ ਚੰਡੀਗੜ੍ਹ ਵਿਖੇ ਅਜੰਡੇ ਉੱਤੇ ਗੱਲਬਾਤ ਕਰਨ ਦਾ ਸੱਦਾ ਪੱਤਰ ਨੰ:- ਮੀਮੋ ਨੰ-11/16/2024-ਜੀ ਸੀ5/1430 ਮਿਤੀ 30-12-2025 ਦਿੱਤਾ ਗਿਆ ਹੈ।



ਸਰਕਾਰ ਵੱਲੋ ਦਿੱਤੇ ਸੱਦੇ ਤੇ ਵਿਚਾਰ ਕਰਨ ਲਈ ਜੁਆਇੰਟ ਐਕਸ਼ਨ ਕਮੇਟੀ ਆਫ 27 ਐਸ.ਸੀ/ਬੀ.ਸੀ ਇੰਪਲਾਇਜ਼ ਐਡ ਸੋਸ਼ਲ ਆਰਗੇਨਾਈਜੇਸ਼ਨਜ਼ ਪੰਜਾਬ ਦੀ ਮੀਟਿੰਗ ਸਟੇਟ ਕੋਆਰਡੀਨੇਟਰ ਸ. ਜਸਬੀਰ ਸਿੰਘ ਪਾਲ ਜੀ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਸਰਕਾਰ ਵੱਲੋ 12 ਜਨਵਰੀ 2026 ਨੂੰ ਗੱਲਬਾਤ ਲਈ ਦਿੱਤੇ ਸੱਦਾ ਪੱਤਰ ਤੇ ਗੰਭੀਰ ਵਿਚਾਰ ਵਟਾਂਦਰਾ ਕਰਨ ਉਪਰੰਤ ਸਰਬਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਜੁਅਇੰਟ ਐਕਸ਼ਨ ਕਮੇਟੀ ਵੱਲੋ 4 ਜਨਵਰੀ 2026 ਨੂੰ ਸੰਗਰੂਰ ਸਥਿਤ ਮੁੱਖ ਮੰਤਰੀ ਦੀ ਰਿਹਾਇਸ਼ ਨੂੰ ਘੇਰਨ ਦਾ ਐਕਸ਼ਨ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਜਾਵੇ। ਜੇਕਰ ਮੀਟਿੰਗ ਵਿੱਚ ਸਰਕਾਰ ਵੱਲੋ ਗੈਂਟਾ ਰਿਪੋਰਟ ਲਾਗੂ ਨਾਂ ਕੀਤੀ ਗਈ ਤਾਂ ਮੀਟਿੰਗ ਦਾ ਬਾਈਕਾਟ ਕਰਕੇ ਉਸੇ ਸਮੇ ਹੀ ਅਗਲੇ ਐਕਸ਼ਨ ਦਾ ਐਲਾਨ ਕਰ ਦਿੱਤਾ ਜਾਵੇਗਾ।

ਮੀਟਿੰਗ ਵਿੱਚ ਜਸਬੀਰ ਸਿੰਘ ਪਾਲ, ਹਰਵਿੰਦਰ ਸਿੰਘ ਮੰਡੇਰ, ਰਾਜ ਸਿੰਘ ਟੋਡਰਵਾਲ, ਬਲਦੇਵ ਭਾਰਤੀ, ਹਰਜਸ ਸਿੰਘ, ਕੁਲਵਿੰਦਰ ਸਿੰਘ ਬੋਦਲ, ਕਰਨੈਲ ਸਿੰਘ ਨੀਲੋਵਾਲ, ਬਲਰਾਜ ਕੁਮਾਰ, ਅਮਰਜੀਤ ਸਿੰਘ ਖਟਕੜ, ਬਲਦੇਵ ਸਿੰਘ ਧੁੱਗਾ, ਗੁਰਪ੍ਰੀਤ ਸਿੰਘ ਸੁਨਾਮ, ਕਰਮਜੀਤ ਸਿੰਘ, ਜੱਗਾ ਸਿੰਘ, ਮਨੋਹਰ ਲਾਲ, ਲਛਮਣ ਸਿੰਘ, ਕੁਲਦੀਪ ਸਿੰਘ,ਸਤਵੰਤ ਸਿੰਘ ਤੂਰਾ, ਪਰਮਜੀਤ ਸਿੰਘ, ਸਲਵਿੰਦਰ ਜੱਸੀ, ਸੁੱਖਵਿੰਦਰ ਕਾਲੀ, ਕ੍ਰਿਸ਼ਨ ਲਾਲ, ਦਵਿੰਦਰ ਸਿੰਘ, ਸੁਭਾਸ਼ ਚੰਦਰ, ਠਾਕਰ ਦਾਸ, ਬਲਵੰਤ ਸਿੰਘ, ਭੁਪਿੰਦਰ ਸਿੰਘ,ਮਹਿੰਦਰ ਸਿੰਘ ਗੋਬਿੰਦਗੜ੍ਹ, ਬੰਟੀ ਨਾਗਲਾ, ਰਿੰਕੂ ਧੂਰੀ, ਰੋਸ਼ਨ ਲਾਲ, ਅਜਾਇਬ ਸਿੰਘ ਬਠੋਈ, ਹਰਵਿੰਦਰ ਸਿੰਘ ਭੱਠਲ, ਮੱਖਣ ਰਤੂ, ਅਜਾਇਬ ਸਿੰਘ ਨੀਲੋਵਾਲ, ਗੁਰਜਿੰਦਰ ਪਾਲ ਸਿੰਘ, ਮਨਿੰਦਰ ਸਿੰਘ, ਰਵਿੰਦਰ ਸਿੰਘ ਲਾਲੀ, ਰਾਮ ਲੁਭਾਇਆ ਕਲਸੀ, ਗੁਰਜੰਟ ਸਿੰਘ ਮਾਨਸਾ ਆਦਿ ਸੂਬਾਈ ਆਗੂ ਹਾਜ਼ਰ ਸਨ। ਕਾਰਵਾਈ ਸੰਬੰਧੀ ਜਾਣਕਾਰੀ ਮੀਡੀਆ ਇੰਚਾਰਜ ਬਲਦੇਵ ਭਾਰਤੀ ਅਤੇ ਅਜਾਇਬ ਸਿੰਘ ਨੀਲੋਵਾਲ ਨੇ ਪ੍ਰੈੱਸ ਨੋਟ ਰਾਹੀ ਦਿਤੀ।

## ਪੰਜਾਬ ਰਾਜ ਵਪਾਰੀ ਕਮਿਸ਼ਨ ਨੇ ਇੱਕ ਵਾਰ ਬੰਦੋਬਸਤ ਯੋਜਨਾ ਨੂੰ ਵਧਾਉਣ ਲਈ ਭਗਵੰਤ ਸਿੰਘ ਮਾਨ ਅਤੇ ਹਰਪਾਲ ਸਿੰਘ ਚੀਮਾ ਦਾ ਕੀਤਾ ਧੰਨਵਾਦ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 4 ਜਨਵਰੀ : ਪੰਜਾਬ ਦੇ ਵਪਾਰੀ ਅਤੇ ਵਪਾਰਕ ਭਾਈਚਾਰੇ ਨੇ ਪੰਜਾਬ ਸਰਕਾਰ ਦੇ ਇੱਕ ਵਾਰ ਬੰਦੋਬਸਤ (ਓ.ਟੀ.ਐਸ.) ਯੋਜਨਾ-2025 ਨੂੰ 31 ਮਾਰਚ, 2026 ਤੱਕ ਵਧਾਉਣ ਦੇ ਫੈਸਲੇ ਦਾ ਸਵਾਗਤ ਕੀਤਾ ਹੈ, ਇਸਨੂੰ ਇੱਕ ਬਹੁਤ ਹੀ ਪ੍ਰਗਤੀਸ਼ੀਲ ਅਤੇ ਵਪਾਰੀ-ਪੱਖੀ ਕਦਮ ਦੱਸਿਆ ਹੈ। ਰਾਜ ਭਰ ਦੇ ਵਪਾਰੀਆਂ ਵੱਲੋਂ ਧੰਨਵਾਦ ਪ੍ਰਗਟ ਕਰਦੇ ਹੋਏ, ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਅਨਿਲ ਠਾਕੁਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦਾ ਵਪਾਰਕ ਭਾਈਚਾਰੇ ਦੇ ਲੰਬੇ ਸਮੇਂ ਤੋਂ ਲਟਕ ਰਹੇ ਟੈਕਸ-ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਉਨ੍ਹਾਂ ਦੇ ਸੰਵੇਦਨਸ਼ੀਲ ਅਤੇ ਵਿਹਾਰਕ ਪਹੁੰਚ ਲਈ ਧੰਨਵਾਦ ਕੀਤਾ। ਅਨਿਲ ਠਾਕੁਰ ਨੇ ਕਿਹਾ ਕਿ ਓ.ਟੀ.ਐਸ. ਯੋਜਨਾ ਦਾ ਵਿਸਥਾਰ ਵਪਾਰੀਆਂ ਅਤੇ ਉਦਯੋਗਾਂ ਨੂੰ ਦਰਪੇਸ਼ ਵਿਹਾਰਕ ਮੁਸ਼ਕਲਾਂ, ਖਾਸ ਕਰਕੇ ਸਾਲ ਦੀ ਆਖਰੀ ਤਿਮਾਹੀ ਦੌਰਾਨ ਦੇਖੇ ਗਏ ਭਾਰੀ ਪਾਲਣਾ ਬੋਝ ਅਤੇ ਪ੍ਰਕਿਰਿਆਤਮਕ ਚੁਣੌਤੀਆਂ ਦੀ ਰਾਜ ਸਰਕਾਰ ਦੀ ਡੂੰਘੀ ਸਮਝ ਨੂੰ ਦਰਸਾਉਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਸਕੀਮ ਜੀਐਸਟੀ ਤੋਂ ਪਹਿਲਾਂ ਦੇ ਕਾਨੂੰਨਾਂ, ਜਿਸ ਵਿੱਚ ਵੈਟ ਅਤੇ ਕੇਂਦਰੀ ਵਿਕਰੀ ਟੈਕਸ ਸ਼ਾਮਲ ਹਨ, ਅਧੀਨ ਵਿਰਾਸਤੀ ਵਿਵਾਦਾਂ ਨਾਲ ਨਜਿੱਠਣ ਵਾਲੇ ਕਾਰੋਬਾਰਾਂ ਲਈ ਇੱਕ ਵੱਡੀ ਰਾਹਤ ਵਜੋਂ ਉਭਰੀ ਹੈ। ਓਟੀਐਸ ਸਕੀਮ ਨੂੰ 31 ਮਾਰਚ, 2026 ਤੱਕ ਵਧਾਉਣ ਦਾ ਫੈਸਲਾ, ਪੰਜਾਬ ਸਰਕਾਰ ਦੀ ਕਾਰੋਬਾਰ-ਪੱਖੀ ਮਾਹੌਲ ਬਣਾਉਣ ਅਤੇ ਸਵੈ-ਇੱਛਤ ਪਾਲਣਾ ਨੂੰ ਉਤਸ਼ਾਹਿਤ ਕਰਨ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਸ਼੍ਰੀ ਠਾਕੁਰ ਨੇ ਕਿਹਾ ਕਿ ਵਿਆਜ, ਜੁਰਮਾਨੇ ਅਤੇ ਯੋਗ ਟੈਕਸ ਰਕਮਾਂ 'ਤੇ ਮਹੱਤਵਪੂਰਨ ਛੋਟਾਂ ਨੇ ਵਪਾਰੀਆਂ ਵਿੱਚ ਵਿਸ਼ਵਾਸ ਪੈਦਾ ਕੀਤਾ ਹੈ ਅਤੇ ਉਨ੍ਹਾਂ ਨੂੰ ਅੱਗੇ ਆਉਣ ਅਤੇ ਲੰਬੇ ਸਮੇਂ ਤੋਂ ਲੰਬਿਤ ਬਕਾਏ ਦਾ ਨਿਪਟਾਰਾ ਕਰਨ ਲਈ ਉਤਸ਼ਾਹਿਤ ਕੀਤਾ ਹੈ। ਚੇਅਰਮੈਨ ਨੇ ਅੱਗੇ ਕਿਹਾ ਕਿ ਇਸ ਸਕੀਮ ਅਧੀਨ ਪ੍ਰਾਪਤ ਹੋਈਆਂ ਵੱਡੀ ਗਿਣਤੀ ਅਰਜ਼ੀਆਂ ਸਪੱਸ਼ਟ ਤੌਰ 'ਤੇ ਮੌਜੂਦਾ ਸਰਕਾਰ ਦੀਆਂ ਨੀਤੀਆਂ ਵਿੱਚ ਵਪਾਰੀ ਭਾਈਚਾਰੇ ਦੇ ਵਿਸ਼ਵਾਸ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਵਾਧਾ ਬਾਕੀ ਯੋਗ ਵਪਾਰੀਆਂ ਨੂੰ ਆਪਣੀਆਂ ਦੇਣਦਾਰੀਆਂ ਦਾ ਸਹੀ ਮੁਲਾਂਕਣ ਕਰਨ ਅਤੇ ਬਿਨਾਂ ਕਿਸੇ ਦਬਾਅ ਦੇ ਇਸ ਇੱਕ-ਵਾਰੀ ਮੌਕੇ ਦਾ ਫਾਇਦਾ ਉਠਾਉਣ ਦੀ ਆਗਿਆ ਦੇਵੇਗਾ। ਸ਼੍ਰੀ ਅਨਿਲ ਠਾਕੁਰ ਨੇ ਪੰਜਾਬ ਦੇ ਸਾਰੇ ਵਪਾਰੀਆਂ, ਉਦਯੋਗਪਤੀਆਂ ਅਤੇ ਚੌਲ ਮਿੱਲਰਾਂ ਨੂੰ ਅਪੀਲ ਕੀਤੀ ਕਿ ਉਹ ਵਧਾਈ ਗਈ ਮਿਆਦ ਦਾ ਸਮਝਦਾਰੀ ਅਤੇ ਦਿਆਲੂ ਵਰਤੋਂ ਕਰਨ ਅਤੇ ਸੋਧੀ ਹੋਈ ਸਮਾਂ-ਸੀਮਾ ਦੇ ਅੰਦਰ ਓਟੀਐਸ ਸਕੀਮ ਦੀ ਚੋਣ ਕਰਨ। ਇਹ ਬਕਾਇਆ ਬਕਾਏ ਦਾ ਨਿਪਟਾਰਾ ਕਰਨ, ਭਵਿੱਖ ਵਿੱਚ ਮੁਕੱਦਮੇਬਾਜ਼ੀ ਤੋਂ ਬਚਣ ਅਤੇ ਨਵੇਂ ਵਿੱਤੀ ਸਾਲ ਦੀ ਸ਼ੁਰੂਆਤ ਸਾਫ਼-ਸੁਥਰੀ ਸਲੇਟ ਨਾਲ ਕਰਨ ਦਾ ਇੱਕ ਕੀਮਤੀ ਮੌਕਾ ਹੈ। ਉਨ੍ਹਾਂ ਕਿਹਾ ਕਿ ਵਪਾਰੀ ਭਾਈਚਾਰੇ ਨੂੰ ਸਮੇਂ ਸਿਰ ਭਾਗੀਦਾਰੀ ਅਤੇ ਪਾਲਣਾ ਨੂੰ ਯਕੀਨੀ ਬਣਾ ਕੇ ਸਰਕਾਰ ਦੇ ਸਕਾਰਾਤਮਕ ਇਰਾਦੇ ਦਾ ਸਮਰਥਨ ਕਰਨਾ ਚਾਹੀਦਾ ਹੈ। ਪੰਜਾਬ ਰਾਜ ਵਪਾਰੀ ਕਮਿਸ਼ਨ ਦੇ ਸਮਰਥਨ ਨੂੰ ਦੁਹਰਾਉਂਦੇ ਹੋਏ, ਸ਼੍ਰੀ ਠਾਕੁਰ ਨੇ ਯੋਜਨਾ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਇਸਦੇ ਸੁਚਾਰੂ ਲਾਗੂਕਰਨ ਨੂੰ ਸੁਵਿਧਾਜਨਕ ਬਣਾਉਣ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਨਵੇਂ ਸਾਲ ਮੌਕੇ ਟਿੱਲਾ ਬਾਬਾ ਫਰੀਦ ਜੀ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਹੋਈਆਂ ਨਤਮਸਤਕ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 4 ਜਨਵਰੀ : ਨਵੇਂ ਸਾਲ ਦੇ ਪਾਵਨ ਅਵਸਰ 'ਤੇ ਟਿੱਲਾ ਬਾਬਾ ਫਰੀਦ ਜੀ ਵਿਖੇ ਸੰਗਤਾਂ ਦੀ ਚੜ੍ਹਦੀ ਕਲਾ ਅਤੇ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਸ ਪਾਵਨ ਮੌਕੇ ਦੇਸ਼-ਵਿਦੇਸ਼ ਤੋਂ ਸੰਗਤਾਂ ਹੁੰਮ-ਹੁੰਮਾ ਕੇ ਟਿੱਲਾ ਬਾਬਾ ਫਰੀਦ ਜੀ ਦੇ ਦਰਸ਼ਨਾਂ ਲਈ ਪਹੁੰਚੀਆਂ। ਬਾਬਾ ਫਰੀਦ ਸੰਸਥਾਵਾਂ ਦੇ ਪ੍ਰਧਾਨ ਸ. ਸਿਮਰਜੀਤ ਸਿੰਘ ਸੇਖੋ ਜੀ ਨੇ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀਆਂ ਦਿਲੋਂ ਵਧਾਈਆਂ ਦਿੱਤੀਆਂ ਅਤੇ ਸਭ ਦੀ ਚੜ੍ਹਦੀ ਕਲਾ ਤੇ ਭਲਾਈ ਲਈ ਅਰਦਾਸ ਕੀਤੀ। ਇਸ ਮੌਕੇ ਜਨਰਲ ਸਕੱਤਰ ਸ. ਸੁਰਿੰਦਰ ਸਿੰਘ ਰੋਮਾਣਾ ਜੀ ਨੇ ਬਾਖ਼ੂਬੀ ਢੰਗ ਨਾਲ ਸਟੇਜ ਸੰਚਾਲਨ ਕਰਦੇ ਹੋਏ ਸਾਰੀਆਂ ਸੰਗਤਾਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਇਸ ਧਾਰਮਿਕ ਸਮਾਗਮ ਦੌਰਾਨ ਸੰਗਤਾਂ ਨੇ ਬਾਬਾ ਫਰੀਦ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ। ਸਮਾਗਮ ਮੌਕੇ ਕਮੇਟੀ ਮੈਂਬਰ ਸ. ਚਰਨਜੀਤ ਸਿੰਘ ਸੇਖੋਂ, ਸ. ਦੀਪਇੰਦਰ ਸਿੰਘ ਸੇਖੋ, ਸ. ਗੁਰਜਾਪ ਸਿੰਘ ਸੇਖੋ, ਡਾ. ਗੁਰਇੰਦਰ ਮੋਹਨ ਸਿੰਘ, ਸ. ਕੁਲਜੀਤ ਸਿੰਘ ਮੰਗੀਆ ਅਤੇ ਸ. ਨਰਿੰਦਰਪਾਲ ਸਿੰਘ ਬਰਾੜ ਦੀ ਹਾਜ਼ਰੀ ਰਹੀ। ਸਮੂਹ ਪ੍ਰਬੰਧ ਬੜੇ ਸੁਚੱਜੇ ਢੰਗ ਨਾਲ ਸੰਪੰਨ ਕੀਤੇ ਗਏ। ਲੱਖਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਨੇ ਟਿੱਲਾ ਬਾਬਾ ਫਰੀਦ ਜੀ ਵਿਖੇ ਮੱਥਾ ਟੇਕ ਕੇ ਨਵੇਂ ਸਾਲ ਦੀ ਸ਼ੁਰੂਆਤ ਆਤਮਿਕ ਸ਼ਾਂਤੀ, ਸਿਮਰਨ ਅਤੇ ਸੇਵਾ-ਭਾਵਨਾ ਨਾਲ ਕੀਤੀ।

# ਗੁਰਦਾਸ ਮਾਨ: ਆਵਾਜ਼ ਜੋ ਯੁੱਗ ਬਣ ਗਈ

## ਪੰਜਾਬ ਤੋਂ ਨਿਕਲ ਕੇ ਪੂਰੀ ਦੁਨੀਆ ਦਾ ਪੰਜਾਬ ਬਣ ਗਿਆ।ਗੁਰਦਾਸ ਮਾਨ

## ਗੁਰਦਾਸ ਮਾਨ ਇੱਕ ਗਾਇਕ ਨਹੀਂ, ਇੱਕ ਵਿਚਾਰ ਹਨ; ਇੱਕ ਕਲਾਕਾਰ ਨਹੀਂ, ਇੱਕ ਸੰਸਥਾ ਹਨ; ਅਤੇ ਸਿਰਫ਼ ਮਨੋਰੰਜਕ ਨਹੀਂ, ਸਗੋਂ ਸਮਾਜ ਦਾ ਅਕਸ ਹਨ।

ਵਰਲਡ ਪੰਜਾਬੀ ਟਾਈਮਜ਼
ਗੁਰਭਿੰਦਰ ਗੁਰੀ





ਇੱਕ ਨਾਮ, ਜੋ ਸਿਰਫ਼ ਸੁਣਿਆ ਨਹੀਂ ਜਾਂਦਾ; ਮਹਿਸੂਸ ਕੀਤਾ ਜਾਂਦਾ ਹੈ। ਇਹ ਉਸ ਆਵਾਜ਼ ਦੀ ਕਹਾਣੀ ਹੈ, ਜੋ ਪਿੰਡ ਦੀ ਮਿੱਟੀ ਤੋਂ ਨਿਕਲ ਕੇ ਦੁਨੀਆ ਦੇ ਮੰਚਾਂ ਤੱਕ ਗੂੰਜੀ।

ਜਦੋਂ ਕਿਸੇ ਕਲਾਕਾਰ ਦੀ ਆਵਾਜ਼ ਸਰਹੱਦਾਂ ਤੋਂ ਪਾਰ ਹੋ ਕੇ ਪਰਦੇਸੀ ਦਿਲਾਂ ਦੀ ਧੜਕਣ ਬਣ ਜਾਏ, ਤਾਂ ਉਹ ਸਿਰਫ਼ ਗਾਇਕ ਨਹੀਂ ਰਹਿੰਦਾ—ਉਹ ਸੰਸਕ੍ਰਿਤੀ ਦਾ ਦੂਤ ਬਣ ਜਾਂਦਾ ਹੈ। ਗੁਰਦਾਸ ਮਾਨ ਦੇ ਕਰੀਅਰ ਦਾ ਦੂਜਾ ਦੌਰ ਓਹੀ ਸੀ—ਜਿੱਥੇ ਉਹ ਪੰਜਾਬ ਤੋਂ ਨਿਕਲ ਕੇ ਪੂਰੀ ਦੁਨੀਆ ਦਾ ਪੰਜਾਬ ਬਣ ਗਿਆ।

ਪੰਜਾਬੀ ਸੱਭਿਆਚਾਰ ਦੇ ਇਤਿਹਾਸ ਵਿੱਚ ਕੁਝ ਨਾਮ ਅਜਿਹੇ ਹਨ ਜੋ ਸਿਰਫ਼ ਗਾਇਕ ਨਹੀਂ ਰਹਿੰਦੇ, ਉਹ ਸਮੇਂ ਦੀ ਦਸਤਾਵੇਜ਼ ਬਣ ਜਾਂਦੇ ਹਨ।ਗੁਰਦਾਸ ਮਾਨ ਉਹੀ ਨਾਮ ਹੈ। ਪਿਛਲੇ ਚਾਰ ਦਹਾਕਿਆਂ ਤੋਂ ਵੱਧ ਸਮੇਂ ਤੋਂ ਗੁਰਦਾਸ ਮਾਨ ਪੰਜਾਬੀ ਮਾਂ-ਬੋਲੀ, ਲੋਕ-ਸੰਗੀਤ ਅਤੇ ਸਮਾਜਕ ਸੱਚਾਈ ਦੀ ਨੁਮਾਇੰਦਗੀ ਕਰਦੇ ਆ ਰਹੇ ਹਨ।

ਪੰਜਾਬੀ ਸੰਗੀਤ ਦੇ ਇਤਿਹਾਸ ਵਿੱਚ ਕੁਝ ਨਾਮ ਅਜਿਹੇ ਹਨ ਜੋ ਸਮੇਂ ਦੀ ਰੇਤ 'ਚ ਦੱਬਦੇ ਨਹੀਂ, ਸਗੋਂ ਸਮੇਂ ਨੂੰ ਆਪਣੇ ਰੰਗ ਵਿੱਚ ਰੰਗ ਲੈਂਦੇ ਹਨ। ਗੁਰਦਾਸ ਮਾਨ ਉਹੀ ਨਾਮ ਹੈ। ਗੁਰਦਾਸ ਮਾਨ ਇੱਕ ਗਾਇਕ ਨਹੀਂ, ਇੱਕ ਵਿਚਾਰ ਹਨ; ਇੱਕ ਕਲਾਕਾਰ ਨਹੀਂ, ਇੱਕ ਸੰਸਥਾ ਹਨ; ਅਤੇ ਸਿਰਫ਼ ਮਨੋਰੰਜਕ ਨਹੀਂ, ਸਗੋਂ ਸਮਾਜ ਦਾ ਅਕਸ ਹਨ।

ਪੰਜਾਬੀ ਫ਼ਿਲਮ ਇੰਡਸਟਰੀ ਹੋਵੇ ਜਾਂ ਫਿਰ ਮਿਊਜ਼ਿਕ ਇੰਡਸਟਰੀ ਦੋਵਾਂ ਵਿੱਚ ਹੀ ਆਪਣੀ ਅਦਭੁੱਤ ਅਦਾਕਾਰੀ ਅਤੇ ਆਵਾਜ਼ ਦਾ ਲੋਹਾ ਮਨਵਾ ਚੁੱਕੇ ਪ੍ਰਸਿੱਧ ਗਾਇਕ ਅਤੇ ਅਦਾਕਾਰ ਗੁਰਦਾਸ ਮਾਨ ਸਾਹਬ ਆਪਣਾ 69ਵਾਂ ਜਨਮਦਿਨ ਮਨਾ ਰਹੇ ਹਨ ਇਨ੍ਹਾਂ 69ਸਾਲਾਂ ਵਿੱਚ ਉਨ੍ਹਾਂ ਦੀ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਉਤਰਾਅ ਚੜ੍ਹਾਅ ਆਏ ਪਰ ਜ਼ਿੰਦਗੀ ਦੇ ਹਰ ਪੜਾਅ ਨੂੰ ਬੜੀ ਸਹਿਜਤਾ ਨਾਲ ਪਾਰ ਕਰਦੇ ਹੋਏ ਮਾਨ ਸਾਬ ਅੱਜ ਤਕ ਆਪਣੇ ਪ੍ਰਸੰਸਕਾਂ ਦੇ ਦਿਲਾਂ ਤੇ ਰਾਜ ਕਰ ਰਹੇ ਹਨ ।

ਗੁਰਦਾਸ ਮਾਨ ਸਾਹਿਬ ਦਾ ਜਨਮ 4ਜਨਵਰੀ 1957 ਨੂੰ ਪੰਜਾਬ ਦੇ ਮੁਕਤਸਰ ਜ਼ਿਲ੍ਹੇ ਵਿੱਚ ਪੈਂਦੇ ਛੋਟੇ ਜਿਹੇ ਪਿੰਡ ਗਿੱਦੜਬਾਹਾ ਚ ਹੋਇਆ ਉਨ੍ਹਾਂ ਦੇ ਪਿਤਾ ਸਰਦਾਰ ਗੁਰਦੇਵ ਸਿੰਘ ਮਾਨ ਕਿਸਾਨ ਸਨ ਮਾਤਾ ਤੇਜ ਕੌਰ ਇਕ ਘਰੇਲੂ ਔਰਤ ਸੀ ਗੁਰਦਾਸ ਮਾਨ ਨੇ ਆਪਣੀ ਮੁੱਢਲੀ ਸਿੱਖਿਆ ਗਿੱਦੜਬਾਹਾ ਦੇ ਸਕੂਲ ਤੋਂ ਕਰਨ ਉਪਰੰਤ ਉੱਚ ਸਿੱਖਿਆ ਮਲੋਟ ਅਤੇ ਪਟਿਆਲਾ ਦੇ ਨੈਸ਼ਨਲ ਇੰਸਟੀਚਿਊਟ ਆਫ ਸਪੋਰਟਸ ਤੋਂ ਹੋਈ ਗੁਰਦਾਸ ਮਾਨ ਨੂੰ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਸੀ ਅਤੇ ਆਪਣੇ ਛੋਟੇ ਭਰਾ ਗੁਰਪੰਥ ਮਾਨ ਅਤੇ ਦੋਸਤ ਹਾਕਮ ਸੂਫ਼ੀ ਨਾਲ ਰਿਆਜ਼ ਕਰਿਆ ਕਰਦੇ ਸਨ ਉਦੋਂ ਗੁਰਪੰਥ ਮਾਨ ਉਨ੍ਹਾਂ ਨਾਲ ਬੈਂਜੋ ਵਜਾਇਆ ਕਰਦੇ ਸਨ ਗੁਰਦਾਸ ਮਾਨ ਗੀਤ ਗਾਇਆ ਕਰਦੇ ਸਨ ਉੱਥੇ ਕਾਲਜ ਦੇ ਦਿਨਾਂ ਵਿੱਚ ਗੁਰਦਾਸ ਮਾਨ ਇੱਕ ਚੰਗੇ ਅਥਲੀਟ ਵੀ ਰਹਿ ਚੁੱਕੇ ਹਨ ਅਤੇ ਜੂਡੋ ਵਿੱਚ ਬਲੈਕ ਬੈਲਟ ਦਾ ਖਿਤਾਬੀ ਉਨ੍ਹਾਂ ਨੂੰ ਮਿਲਿਆ ਹੋਇਆ ਹੈ

ਗੁਰਦਾਸ ਮਾਨ ਨੇ ਆਪਣੇ ਪ੍ਰੋਫ਼ੈਸ਼ਨਲ ਜੀਵਨ ਦੀ ਸ਼ੁਰੂਆਤ ਪੰਜਾਬ ਸਰਕਾਰ ਦੇ ਬਿਜਲੀ ਵਿਭਾਗ ਤੋਂ ਕੀਤੀ ਪਰ ਬਚਪਨ ਤੋਂ ਹੀ ਗਾਇਕੀ ਦਾ ਸ਼ੌਕ ਰੱਖਣ ਵਾਲੇ ਮਾਨ ਨੇ ਛੇਤੀ ਇਸ ਸਰਕਾਰੀ ਨੌਕਰੀ ਨੂੰ ਅਲਵਿਦਾ ਕਹਿੰਦੇ ਹੋਏ ਪੰਜਾਬੀ ਮਿਊਜ਼ਿਕ ਇੰਡਸਟਰੀ ਵਿੱਚ ਕੁੱਦ ਪਏ ਉਂਜ ਤਾਂ ਗੁਰਦਾਸ ਮਾਨ ਨੇ ਆਪਣੇ ਪ੍ਰੋਫ਼ੈਸ਼ਨਲ ਕੈਰੀਅਰ ਦੀ ਸ਼ੁਰੂਆਤ ਸਕੂਲ ਅਤੇ ਕਾਲਜ ਟਾਈਮ ਵਿੱਚ ਹੀ ਗਾਇਕੀ ਦੇ ਖੇਤਰ ਵਿੱਚ ਕਦਮ ਰੱਖੇ ਕਰ ਲਈ ਸੀ ਪਰ ਇਸ ਖੇਤਰ ਵਿੱਚ ਉਨ੍ਹਾਂ ਦੀ ਅਸਲ ਸ਼ੁਰੂਆਤ 1980 ਵਿੱਚ ਆਈ ਪਹਿਲੀ ਮਿਊਜ਼ਿਕ ਐਲਬਮ ਨਾਲ ਹੋਈ ਉਨ੍ਹਾਂ ਦਾ ਗੀਤ ਦਿਲ ਦਾ ਮਾਮਲਾ ਇਨ੍ਹਾਂ ਪ੍ਰਸਿੱਧ ਹੋਇਆ ਕੀ ਗੁਰਦਾਸ ਮਾਨ ਰਾਤੋ ਰਾਤ ਸੁਪਰ ਸਟਾਰ ਬਣ ਗਏ ਉੱਨੀ ਸੌ ਇਕਆਸੀ ਵਿੱਚ ਇਸ ਗੀਤ ਨੂੰ ਐਲਬਮ ਦਿਲ ਦਾ ਮਾਮਲਾ ਵਿੱਚ ਸ਼ਾਮਲ ਕੀਤਾ ਗਿਆ ਅਤੇ ਉਸ ਐਲਬਮ ਮਗਰੋਂ ਗੁਰਦਾਸ ਮਾਨ ਨੇ ਪਿੱਛੇ ਮੁੜਕੇ ਨਹੀਂ ਦੇਖਿਆ ਇਸ ਮਗਰੋਂ ਮਾਨ ਨੇ ਇਕ ਮਗਰੋਂ ਇਕ ਕਰੀਬ ਤਿੰਨ ਸੌ ਦੱਸ ਰਿਕਾਰਡ ਤੋੜ ਗੀਤ ਲਿਖੇ ਅਤੇ ਕਰੀਬ ਛੱਤੀ ਐਲਬਮ ਰਿਕਾਰਡ ਕੀਤੀਆਂ ਜਿਨ੍ਹਾਂ ਵਿੱਚ .1984ਚੱਕਰ.1988ਰਾਤ ਸੁਹਾਨੀ.1989 ਨੱਚੋ ਬਾਬਿਓ.1992ਘਰ ਭੁੱਲ ਗਈ ਮੋੜ ਤੇ ਆ ਕੇ .1992 ਇਬਾਦਤ.1993 ਤੇਰੀ ਖੈਰ ਹੋਵੇ.1994ਵੇਖੀਂ ਕਿਤੇ ਯਾਰ ਨਾ ਹੋਵੇ.1993ਤੇਰੀ ਖੈਰ ਹੋਵੇ.1994ਤਕਲੀਫ਼ਾਂ.1995 ਵਾਹ ਨੀ ਜਵਾਨੀਏ .1995 ਲੜ ਗਿਆ ਪੇਚਾ .1995 ਚੁਗਲੀਆਂ .1996 ਯਾਰ ਮੇਰਾ ਪਿਆਰ .1997ਪੀੜ ਪ੍ਰਾਹੁਣੀ .1998 ਕੁੱਲੀ ਚ ਭਾਵੇਂ ਕੱਖ ਨਾ ਰਹੇ .1999 ਜਾਦੂਗਰੀਆਂ .2000 ਪਿਆਰ ਕਰ ਲਏ .2000 ਦਿਲ ਤੋੜਨਾ ਮਨ੍ਹਾਂ ਹੈ .2001 ਅੱਖੀਆਂ ਉਡੀਕਦੀਆਂ .2003 ਪੰਜੀਰੀ .2003 ਇਸ਼ਕ ਦਾ ਗਿੱਧਾ .2004 ਕੀ ਖੱਟਿਆ ਮੈਂ ਤੇਰੀ ਹੀਰ ਬਣ ਕੇ (ਹੀਰ ).2004 ਦਿਲ ਦਾ ਬਾਦਸ਼ਾਹ .2005 ਵਲੈਤਣ .2005 ਇਸ਼ਕ ਨਾ ਵੇਖੇ ਜਾਤ .2007 ਰੋਟੀ ਹੱਕ ਦੀ ਖਾਈਏ ਜੀ ਭਾਵੇਂ ਬੂਟ ਪਾਲਸ਼ਾਂ ਕਰੀਏ (ਬੂਟ ਪਾਲਸ਼ਾਂ )2010 ਮੇਲਾ ਦੋ ਦਿਨ ਦਾ . 2011 ਵਾਹਗੇ ਦੇ ਬਾਰਡਰ ਤੋਂ ਰਾਹ ਪੁੱਛਦੀ ਲਹੌਰਾ ਦੇ ( ਜੋਗੀਆ ).2013 ਰੋਟੀ .2017 ਕਿਹੜਾ ਕਿਹੜਾ ਦੁੱਖ ਦੱਸਾਂ ਮੈਂ ਪੰਜਾਬ ਦਾ (ਪੰਜਾਬ )

ਦਿਲ ਦਾ ਮਾਮਲਾ ਦਿਲ ਸਾਫ਼ ਹੋਣਾ .ਮਸਤੀ. ਅੱਖੀਆਂ ਉਡੀਕਦੀਆਂ ਆਦਿ ਪ੍ਰਮੁੱਖ ਐਲਬਮਜ਼ ਹਨ ਮਾਨ ਦੀਆਂ 36ਦੇ ਕਰੀਬ ਕੈਸਿਟਾਂ ਅਤੇ 350 ਗੀਤ ਰਿਕਾਰਡ ਹੋ ਚੁੱਕੇ ਹਨ

ਪੰਜਾਬੀ ਵਿਚ ਗਾਉਣ ਦੇ ਇਲਾਵਾ, ਉਹ ਹਿੰਦੀ, ਬੰਗਾਲੀ, ਤਮਿਲ, ਹਰਿਆਨੀ ਅਤੇ ਰਾਜਸਥਾਨੀ ਭਾਸ਼ਾਵਾਂ ਵਿਚ ਮੁਹਾਰਤ ਰੱਖਦੇ ਹਨ।ਗਾਇਕੀ ਤੋਂ ਇਲਾਵਾ ਗੁਰਦਾਸ ਮਾਨ ਫ਼ਿਲਮੀ ਦੁਨੀਆਂ ਵਿੱਚ ਵੀ ਆਪਣੀ ਅਦਾਕਾਰੀ ਦਾ ਲੋਹਾ ਮਨਵਾ ਚੁੱਕੇ ਹਨ

ਇਹ ਦਾਖ਼ਲਾ ਕਿਸੇ ਤਜਰਬੇ ਵਾਂਗ ਨਹੀਂ ਸੀ।

ਇਹ ਇੱਕ ਐਲਾਨ ਸੀ—

ਕਿ ਕਲਾਕਾਰ ਜੇ ਸੱਚਾ ਹੋਵੇ, ਤਾਂ ਮਾਧਿਅਮ ਬਦਲਣ ਨਾਲ ਉਸਦੀ ਆਤਮਾ ਨਹੀਂ ਬਦਲਦੀ।

ਪੰਜਾਬੀ ਸਿਨੇਮਾ ਅਤੇ ਗੁਰਦਾਸ ਮਾਨ

1980 ਅਤੇ 1990 ਦੇ ਦਹਾਕਿਆਂ ਵਿੱਚ ਪੰਜਾਬੀ ਸਿਨੇਮਾ ਆਪਣੀ ਪਛਾਣ ਲਈ ਸੰਘਰਸ਼ ਕਰ ਰਿਹਾ ਸੀ। ਕਹਾਣੀਆਂ ਸਨ, ਪਰ ਭਰੋਸੇਯੋਗ ਚਿਹਰੇ ਘੱਟ ਸਨ।

ਉਸ ਸਮੇਂ ਗੁਰਦਾਸ ਮਾਨ ਦਾ ਸਿਨੇਮੇ ਵਿੱਚ ਆਉਣਾ ਸਿਰਫ਼ ਇੱਕ ਅਦਾਕਾਰ ਦਾ ਆਉਣਾ ਨਹੀਂ ਸੀ—

ਇਹ ਦਰਸ਼ਕਾਂ ਦਾ ਭਰੋਸਾ ਵਾਪਸ ਆਉਣਾ ਸੀ।

ਉਨ੍ਹਾਂ ਨੇ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ 1982 ਵਿੱਚ ਆਈ ਫ਼ਿਲਮ ਉੱਚਾ ਦਰ ਬਾਬੇ ਨਾਨਕ ਦੇ ਨਾਲ ਕੀਤੀ ਇਸ ਫ਼ਿਲਮ ਵਿੱਚ ਗੁਰਦਾਸ ਮਾਨ ਦੇ ਅਭਿਨੈ ਨੂੰ ਦਰਸ਼ਕਾਂ ਨੇ ਖੂਬ ਸਲਾਹਿਆ ਅਤੇ ਉਦੋਂ ਤੋਂ ਲੈ ਕੇ ਹੁਣ ਤਕ ਮਾਨ ਹਿੰਦੀ ਪੰਜਾਬੀ ਹਰਿਆਣਵੀ ਕਰੀਬ 35 ਫ਼ਿਲਮਾਂ ਵਿੱਚ ਆਪਣੀ ਅਦਾਕਾਰੀ ਬਖੇਰ ਚੁੱਕੇ ਹਨ ਇੱਕ ਅਭਿਨੇਤਾ ਦੇ ਰੂਪ ਵਿੱਚ, ਉਸਨੇ ਪੰਜਾਬੀ, ਹਿੰਦੀ ਅਤੇ ਤਾਮਿਲ ਫਿਲਮਾਂ ਵਿੱਚ ਕੰਮ ਕੀਤਾ ਹੈ, ਪਰ ਉਹ ਆਪਣੀ ਫਿਲਮ ਵਾਰਿਸ ਸ਼ਾਹ ਵਿੱਚ ਪ੍ਰਮੁੱਖ ਭੂਮਿਕਾ ਲਈ ਜਾਣਿਆ ਜਾਂਦਾ ਹੈ, ਜੋ ਕਿ ਆਪਣੀ ਮਹਾਂਕਾਵਿ ਹੀਰ ਰਾਂਝਾ ਦੀ ਰਚਨਾ ਦੇ ਦੌਰਾਨ ਪੰਜਾਬੀ ਕਵੀ ਵਾਰਿਸ ਸ਼ਾਹ ਦੀ ਤਸਵੀਰ ਹੈ। ਉਸਨੇ ਸ਼ਾਹਰੁਖ ਖਾਨ ਅਤੇ ਪ੍ਰਿਟੀ ਜ਼ਿੰਟਾ ਦੇ ਨਾਲ ਵੀਰ-ਜ਼ਾਰਾ ਫਿਲਮ ਵਿਚ ਇਕ ਵਿਸ਼ੇਸ਼ ਦਿੱਖ ਦਿੱਤੀ।

ਸਾਲ1984 ਮਾਮਲਾ ਗੜਬੜ ਹੈ 1985ਪੱਥਰ ਦਿਲ1985ਉੱਚਾ ਦਰ ਬਾਬੇ ਨਾਨਕ ਦਾ1986ਲੌਂਗ ਦਾ ਲਿਸ਼ਕਾਰਾ1986ਗੱਭਰੂ ਪੰਜਾਬ ਦਾ ਸ਼ੇਰਾ1986ਕੀ ਬਣੂ ਦੁਨੀਆ ਦਾ 1987ਛੋਰਾ ਹਰਿਆਣੇ ਕਾ1990ਦੁਸ਼ਮਨੀ ਦੀ ਅੱਗ 1990ਕੁਰਬਾਨੀ ਜੱਟ ਦੀ .1990ਪਰਤਿੱਗਆ 1991 ਰੁਹਾਨੀ ਤਾਕਤ1992ਸਾਲੀ ਆਧੀ ਘਰ ਵਾਲੀ ਅਲਾਈਵ1994 ਕਚਹਿਰੀ ਗੁਰਦਾਸ/1995ਸੂਬੇਦਾਰ 1995ਬਗਾਵਤ 1999 ਸਿਰਫ਼ ਤੁਮ(ਹਿੰਦੀ)1999ਸ਼ਹੀਦ-ਏ-ਮੁਹੱਬਤ ਬੂਟਾ ਸਿੰਘ2000ਸ਼ਹੀਦ ਉਧਮ ਸਿੰਘ(ਮੂਵੀ ਬਾਕਸ)ਭਗਤ ਸਿੰਘ2002ਜ਼ਿੰਦਗੀ ਖ਼ੂਬਸੂਰਤ ਹੈ2004ਵੀਰ ਜ਼ਾਰਾ 2004ਦੇਸ ਹੋਇਆ ਪਰਦੇਸ (ਯੂਨੀਵਰਸਲ)2006ਵਾਰਿਸ ਸ਼ਾਹ – ਇਸ਼ਕ ਦਾ ਵਾਰਿਸ ਵਾਰਿਸ ਸ਼ਾਹ2007 2008ਯਾਰੀਆਂ(ਯੂਨੀਵਰਸਲ)2009ਮਿੰਨੀ ਪੰਜਾਬ 2010 ਸੁਖਮਨੀ .2010ਚੱਕ ਜਵਾਨਾ 2014ਦਿਲ ਵਿਲ ਪਿਆਰ ਵਿਆਰ 2017ਨਨਕਾਣਾ ਦੇ ਨਾਮ ਸ਼ਾਮਲ ਹਨ

ਪੰਜਾਬੀ ਗਾਇਕੀ ਅਤੇ ਫ਼ਿਲਮ ਇੰਡਸਟਰੀ ਦਾ ਸਭ ਤੋਂ ਵੱਡਾ ਅਦਾਕਾਰ ਹੋਣ ਦੇ ਬਾਵਜੂਦ ਮਾਨ ਵਿੱਚ ਕੋਈ ਵੀ ਨਖਰਾ ਨਹੀਂ ਹੈ ਹੁਣ ਤਕ ਵੀ ਛੋਟੇ ਛੋਟੇ ਪਿੰਡਾਂ ਵਿੱਚ ਧਰਮ ਕਥਾਵਾਂ ਮੇਲਿਆਂ ਵਿੱਚ ਉਹ ਅਕਸਰ ਗਾਉਂਦੇ ਦੇਖੇ ਗਏ ਹਨ ਉਹ ਨਕੋਦਰ ਸਥਿਤ ਡੇਰਾ ਬਾਬਾ ਮੁਰਾਦਸ਼ਾਹ ਟਰੱਸਟ ਦੇ ਚੇਅਰਮੈਨ ਵੀ ਹਨ ਇਸ ਟਰੱਸਟ ਵੱਲੋਂ ਉੱਤਰਾਖੰਡ ਵਿਚ ਜੂਨ 2013 ਵਿੱਚ ਆਏ ਹੜ੍ਹ ਲਈ ਪ੍ਰਧਾਨ ਮੰਤਰੀ ਰਾਹਤ ਫੰਡ ਵਿਚ ਉਨ੍ਹਾਂ 11 ਲੱਖ ਰੁਪਏ ਦਾਨ ਕੀਤੇ ਗੁਰਦਾਸ ਮਾਨ ਦੇ ਵਿਆਹੁਤਾ ਜੀਵਨ ਬਾਰੇ ਗੱਲ ਕਰੀਏ ਤਾਂ ਉਨ੍ਹਾਂ ਦਾ ਵਿਆਹ ਮਨਜੀਤ ਮਾਨ ਨਾਲ ਹੋਇਆ ਉਨ੍ਹਾਂ ਦਾ ਇੱਕ ਲੜਕਾ ਗੁਰਇੱਕ ਮਾਨ ਵੀ ਹੈ ਜਿਹੜੇ ਕਿ ਇਨ੍ਹੀਂ ਦਿਨੀਂ ਪੰਜਾਬੀ ਫ਼ਿਲਮ ਇੰਡਸਟਰੀ ਵਿੱਚ ਆਪਣੇ ਮਾਂ ਪਿਓ ਨਾਲ ਫ਼ਿਲਮ ਡਾਇਰੈਕਸ਼ਨ ਦਾ ਕੰਮ ਦੇਖ ਰਹੇ ਹਨ

ਮੌਤ ਦੇ ਮੂੰਹ ਵਿੱਚੋਂ ਦੋ ਵਾਰ ਬਚ ਕੇ ਨਿਕਲੇ ਮਾਨ ਸਾਹਿਬ ਦੇ ਜੀਵਨ ਵਿਚ ਦੋ ਵਾਰ ਅਜਿਹਾ ਪਲ ਵੀ ਆਇਆ ਹੈ ਜਦੋਂ ਉਨ੍ਹਾਂ ਦੀ ਜਾਨ ਤੇ ਬਣ ਗਈ ਇਹ ਪਲ 9 ਜਨਵਰੀ 2001ਨੂੰ ਰੋਪੜ ਕੋਲ ਹੋਇਆ ਇਕ ਭਿਆਨਕ ਸੜਕ ਹਾਦਸਾ ਸੀ ਇਸ ਹਾਦਸੇ ਵਿਚ ਇਨ੍ਹਾਂ ਦੇ ਡਰਾਈਵਰ ਤੇਜਪਾਲ ਦੀ ਮੌਤ ਹੋ ਗਈ ਤੇਜਪਾਲ ਨੂੰ ਗੁਰਦਾਸ ਮਾਨ ਆਪਣਾ ਚੰਗਾ ਦੋਸਤ ਮੰਨਦੇ ਮੰਨਦੇ ਸਨ ਤੇਜਪਾਲ ਦੀ ਯਾਦ ਨੂੰ ਸਮਰਪਤ ਇਕ ਗੀਤ ਗਾਇਆ ਹੈ ਕਿ ਵੇਲਾ ਸਾਡਾ ਆ ਗਿਆ ਸੀ ਜੱਗ ਤੋਂ ਜਾਣਦਾ ਘਰਾਂ ਵਿਚ ਬੈਠੀਆਂ ਜੋ ਪੁੱਤਾਂ ਦੀ ਉਡੀਕ ਲਈ ਐਸੀਆਂ ਲੱਖਾਂ ਕਰੋੜਾਂ ਮਾਵਾਂ ਦੀਆਂ ਦੁਆਵਾਂ ਨੇ ਬਚਾ ਲਿਆ .ਅੱਖ ਖੁੱਲ੍ਹੀ ਜਦੋਂ ਫੇਰ ਖੁਮਾਰੀ ਉਤਰ ਗਈ ਬੈਠੇ ਸਾਡੇ ਬੈਠੀ ਸਾਡੇ ਨਾਲ ਇੱਕ ਸਵਾਰੀ ਉਤਰ ਗਈ ਇਕ ਗੀਤ ਲਿਖਿਆ ਤੇ ਗਾਇਆ ਜੋ ਤੇਜਪਾਲ ਨੂੰ ਸਮਰਪਿਤ ਕੀਤਾ ਮਾਨਸਾ ਨਾਲ ਦੂਸਰਾ ਹਾਦਸਾ ਹਾਦਸਾ ਉਦੋਂ ਵਾਪਰਿਆ ਜਦੋਂ ਉਹ ਯੂਪੀ ਦੇ ਨੋਇਡਾ ਸ਼ਹਿਰ ਵਿਚ ਇਕ ਪ੍ਰੋਗਰਾਮ ਲਾ ਕੇ ਵਾਪਸ ਚੰਡੀਗੜ੍ਹ ਆ ਰਹੇ ਸਨ ਤਾਂ ਕਰਨਾਲ ਨੇੜੇ 20 ਜਨਵਰੀ 2007 ਨੂੰ ਉਨ੍ਹਾਂ ਦੀ ਕਾਰ ਟਰੱਕ ਨਾਲ ਟਕਰਾ ਗਈ ਇਸ ਘਟਨਾ ਵਿੱਚ ਵੀ ਗੁਰਦਾਸ ਮਾਨ ਨੂੰ ਬਹੁਤ ਸੱਟਾਂ ਲੱਗੀਆਂ ਪਰ ਉਨ੍ਹਾਂ ਦੇ ਪ੍ਰਸੰਸਕਾਂ ਦੀਆਂ ਦੁਆਵਾਂ ਨੇ ਉਨ੍ਹਾਂ ਨੂੰ ਫੇਰ ਬਚਾ ਲਿਆ ਉਂਜ ਤਾਂ ਮਾਨ ਦੇ ਨਾਂ ਕਈ ਸਨਮਾਨ ਅਤੇ ਪੁਰਸਕਾਰ ਦਰਜ ਹਨ ਪਰ ਸਤੰਬਰ 2010 ਵਿਚ ਬਰਤਾਨੀਆ ਦੇ ਬੋਲਵਰ ਹੈਂਪਟਨ ਯੂਨੀਵਰਸਿਟੀ ਨੇ ਉਨ੍ਹਾਂ ਨੂੰ ਵਿਸ਼ਵ ਸੰਗੀਤ ਵਿੱਚ ਡਾਕਟਰ ਦੀ ਉਪਾਧੀ ਨਾਲ ਸਨਮਾਨਤ ਕੀਤਾ 14ਦਸੰਬਰ 2012 ਨੂੰਉਨ੍ਹਾਂ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ 36ਸਮਾਰੋਹ ਵਿੱਚ ਰਾਜਪਾਲ ਨੇ ਡਾਕਟਰੇਟ ਆਫ ਲਿਟਰੇਚਰ ਦੀ ਉਪਾਧੀ ਨਾਲ ਸਨਮਾਨਤ ਕੀਤਾ

ਇਨ੍ਹੀਂ ਦਿਨੀਂ ਗੁਰਦਾਸ ਮਾਨ ਆਪਣੀ ਪੰਜਾਬੀ ਫ਼ਿਲਮ ਪੰਜਾਬੀਏ ਜ਼ੁਬਾਨੇ ਦੀ ਸ਼ੂਟਿੰਗ ਵਿੱਚ ਰੁੱਝੇ ਹੋਏ ਸਨ ਇਸ ਫ਼ਿਲਮ ਨੂੰ ਉਨ੍ਹਾਂ ਦੀ ਪਤਨੀ ਮਨਜੀਤ ਮਾਨ ਨੇ ਡਾਇਰੈਕਟ ਕੀਤਾ ਹੈ

ਗੁਰਦਾਸ ਮਾਨ 54 ਵੀਂ ਕੌਮੀ ਫਿਲਮ ਐਵਾਰਡਜ਼ ਵਿਚ ਸਰਬੋਤਮ ਮਰਦ ਪਲੇਬੈਕ ਗਾਇਕ ਲਈ ਰਾਸ਼ਟਰੀ ਪੁਰਸਕਾਰ ਲੈਣ ਵਾਲੇ ਇਕੋ ਇਕ ਪੰਜਾਬੀ ਗਾਇਕ ਹਨ, ਜਿਸ ਨੇ ਵਾਰਿਸ ਸ਼ਾਹ ਵਿਚ ਹੀਰ ਦੀ ਪੂਰੀ ਕਹਾਣੀ ਨੂੰ ਗਾਣੇ ਰਾਹੀਂ ਤਿਆਰ ਕੀਤਾ: ਵਾਰਿਸ ਸ਼ਾਹ: ਇਸ਼ਕ ਦਾ ਵਾਰਿਸ।

ਗੁਰਦਾਸ ਮਾਨ ਨੇ ਆਪਣੇ ਹਿੱਟ ਗੀਤ "ਦਿਲ ਦਾ ਮਾਮਲਾ ਹੈ" ਨਾਲ ਪ੍ਰਸਿੱਧੀ ਪ੍ਰਾਪਤ ਕੀਤੀ। ਇਸ ਤੋਂ ਬਾਅਦ "ਮਮਲਾ ਗੜਬੜ ਹੈ" ਅਤੇ "ਛੱਲਾ" ਆਇਆ, ਬਾਅਦ ਵਿਚ ਪੰਜਾਬੀ ਫ਼ਿਲਮ 'ਲੌਂਗ ਦਾ ਲਿਸ਼ਕਾਰਾ (1986) ਦਾ ਹਿੱਟ ਫਿਲਮ ਗਾਣਾ ਸੀ, ਜਿਸ ਨੂੰ ਮਾਨ ਨੇ ਪ੍ਰਸਿੱਧ ਗਾਇਕ ਜਗਜੀਤ ਸਿੰਘ ਦੇ ਸੰਗੀਤ ਦੀ ਅਗਵਾਈ ਹੇਠ ਰਿਕਾਰਡ ਕੀਤਾ।

ਮਾਨ ਨੇ ਬਲਾਕਬੱਸਟਰ ਬਾਲੀਵੁੱਡ ਫਿਲਮਾਂ ਵਿਚ ਅਭਿਨੈ ਕੀਤਾ ਹੈ ਅਤੇ 2005 ਵਿਚ ਭਾਰਤ ਦੇ ਰਾਸ਼ਟਰਪਤੀ ਦੁਆਰਾ ਉਨ੍ਹਾਂ ਨੂੰ ਜੂਰੀ ਅਵਾਰਡ ਸਮੇਤ ਬਹੁਤ ਸਾਰੇ ਪੁਰਸਕਾਰ ਪ੍ਰਾਪਤ ਹੋਏ ਹਨ। ਉਨ੍ਹਾਂ ਨੇ ਪ੍ਰਸਿੱਧ ਟਰੈਕ 'ਕੀ ਬਣੂ ਦੁਨੀਆਂ ਦਾ' ਤੇ 'ਕੋਕ ਸਟੂਡੀਓ ਐਮਟੀਵੀ ਸੈਸ਼ਨ 4' ਵੀ ਗਾਇਆ। ਇਹ ਗੀਤ 15 ਅਗਸਤ 2015 ਨੂੰ ਰਿਲੀਜ਼ ਕੀਤਾ ਗਿਆ ਅਤੇ ਇਸਨੇ 1 ਹਫਤੇ ਵਿਚ ਯੂਟਿਊਬ ਉੱਤੇ 3 ਮਿਲੀਅਨ ਤੋਂ ਵੱਧ ਵਿਯੂਜ਼ ਦਰਜ ਕੀਤੇ।

2009 ਵਿਚ ਉਸ ਨੇ 'ਬੂਟ ਪਾਲਿਸ਼ਾਂ' ਗੀਤ ਲਈ ਯੂਕੇ ਏਸ਼ੀਅਨ ਮਿਊਜ਼ਿਕ ਐਵਾਰਡਜ਼ ਵਿਚ "ਬੈਸਟ ਇੰਟਰਨੈਸ਼ਨਲ ਐਲਬਮ" ਵੀ ਜਿੱਤਿਆ।

ਵਾਦ ਵਿਵਾਦ

ਬਹੁਤ ਹੀ ਸੁਲਝੇ ਹੋਏ ਵਿਦਵਾਨ .ਪੰਜਾਬੀ ਦੇ ਉੱਚਕੋਟੀ ਦੇ ਲਿਖਾਰੀ. ਗਾਇਕ.ਫਿਲਮ ਐਕਟਰ . ਕੋਰੀਓਗ੍ਰਾਫਰ .ਮਿਊਜ਼ਿਕ ਤੇ ਮਾਹਰ ਗੁਰਦਾਸ ਮਾਨ ਨੇ ਆਪਣੀ ਜ਼ਿੰਦਗੀ ਵਿੱਚ ਜੋ ਲਿਖਿਆ ਤੇ ਗਾਇਆ ਉਸ ਵੱਲ ਕੋਈ ਉਂਗਲ ਨਹੀਂ ਕਰ ਸਕਦਾ ਉਨ੍ਹਾਂ ਦੀ ਪੂਰੀ ਜ਼ਿੰਦਗੀ ਸਾਫ ਸੁਥਰੀ ਇਕ ਪਾਣੀ ਦੀ ਤਰ੍ਹਾਂ ਸਾਫ਼ ਰਹੀ ਹੈ ਪਰ ਜ਼ਿੰਦਗੀ ਦੇ ਆਖ਼ਰੀ ਪੜਾਅ ਵੱਲ ਵਧ ਰਹੇ ਮਾਨਸਾ ਨੂੰ ਵਿਵਾਦਾਂ ਨੇ ਆਖਰ ਘੇਰ ਹੀ ਲਿਆ ਪੰਜਾਬੀਏ ਜ਼ੁਬਾਨੇ ਨੀ ਰਕਾਨੇ ਮੇਰੇ ਦੇਸ਼ ਦੀਏ ਫਿੱਕੀ ਪੈ ਗਈ ਤੇਰੇ ਚਿਹਰੇ ਦੀ ਨੁਹਾਰ ਨੀਂ ਗਾਉਣ ਵਾਲੇ ਮਾਨ ਸਾਹਿਬ ਨੇ ਇੱਕ ਸ਼ੋਅ ਦੌਰਾਨ ਕਿਹਾ ਕਿ ਮੈਂ ਪੰਜਾਬੀ ਬੋਲੀ ਦਾ ਸਾਰੀ ਜ਼ਿੰਦਗੀ ਦੇਣਾ ਨਹੀਂ ਦੇ ਸਕਦਾ ਬਹੁਤੀ ਰਿਣੀ ਹਾਂ ਜਿਸ ਬੋਲੀ ਨੇ ਮੈਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾਇਆ ਮੈਂ ਉਸ ਵਾਰੇ ਮਾੜਾ ਕਿਵੇਂ ਸੋਚ ਸਕਦਾ ਹਾਂ ਉਨ੍ਹਾਂ ਕਿਹਾ ਕਿ ਮੈਂ ਤਾਂ ਅੱਜ ਤੋ ਬਹੁਤ ਸਾਲ ਪਹਿਲਾਂ ਇਹ ਵੀ ਗਾਇਆ ਸੀ ਕਿਵੀ ਹਰ ਬੋਲੀ ਸਿੱਖੋ ਸਿੱਖਣੀ ਵੀ ਚਾਹੀਦੀ ਪਰ ਪੱਕੀ ਦੇਖ ਕੇ ਕੱਚੀ ਨਹੀਂ ਢਾਈਦੀ ਕਹਿਣ ਦਾ ਭਾਵ ਕੇ ਆਪਣੀ ਮਾਂ ਬੋਲੀ ਪੰਜਾਬੀ ਨੂੰ ਨਹੀਂ ਭੁੱਲਣਾ ਹੋਰ ਬੋਲੀਆਂ ਸਿੱਖੋ ਸਿੱਖਣ ਵਿੱਚ ਕੋਈ ਹਰਜ਼ ਨਹੀਂ ਹਿੰਦੀ ਨੂੰ ਉਨ੍ਹਾਂ ਨੇ ਮਾਸੀ ਕਿਹਾ ਇਸ ਗੱਲ ਤੇ ਹੀ ਵਿਵਾਦ ਖੜ੍ਹਾ ਹੋ ਗਿਆ ਉਨ੍ਹਾਂ ਨੇ ਮੁਆਫੀ ਵੀ ਮੰਗ ਲਈ ਇਸ ਵਿਵਾਦ ਤੋਂ ਇਹੀ ਉਨ੍ਹਾਂ ਦਾ ਵੱਡਾ ਵਡੱਪਣ ਹੈ ਪਰ ਸ਼ੋਅ ਦੌਰਾਨ ਮਾਨ ਸਾਹਿਬ ਜੋ ਤਲਖ਼ੀ ਵਿੱਚ ਆ ਗਏ ਉਸ ਕਾਰਨ ਮਾਨ ਦਾ ਕਾਫ਼ੀ ਵਿਰੋਧ ਵੀ ਹੋਇਆ ਦੂਸਰਾ ਵਿਵਾਦ ਡੇਰਾ ਮੁਰਾਦ ਸ਼ਾਹ ਨਕੋਦਰ ਵਿਖੇ ਮਾਨ ਵੱਲੋਂ ਲਾਡੀ ਸ਼ਾਹ ਨੂੰ ਗੁਰੂ ਅਮਰਦਾਸ ਜੀ ਦਾ ਵੰਸ ਕਹਿਣ ਤੇ ਕਾਫ਼ੀ ਸਿੱਖ ਜਥੇਬੰਦੀਆਂ ਨੇ ਵਿਰੋਧ ਕੀਤਾ ਤੇ ਉਨ੍ਹਾਂ ਤੇ ਐੱਫਆਈਆਰ ਦਰਜ ਵੀ ਹੋਈ ਅਤੇ ਫਿਰ ਉਨ੍ਹਾਂ ਨੇ ਹਾਈ ਕੋਰਟ ਤੋਂ ਅਗਾਊਂ ਜ਼ਮਾਨਤ ਲੈ ਲਈ

ਕਿਸਾਨ ਜਥੇਬੰਦੀਆਂ ਵੱਲੋਂ ਮੋਦੀ ਸਰਕਾਰ ਤੇ ਕਿਸਾਨਾਂ ਵਿਰੁੱਧ ਜਾਰੀ ਕੀਤੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਜੋ ਧਰਨਾ ਦਿੱਲੀ ਵਿਖੇ ਲਗਾਇਆ ਗਿਆ ਸੀ ਉਸ ਧਰਨੇ ਵਿਚ ਸ਼ਮੂਲੀਅਤ ਕਰਕੇ ਮਾਨ ਸਾਬ੍ਹ ਜਦੋਂ ਸਟੇਜ ਤੋਂ ਬੋਲਣ ਲਈ ਉੱਠੇ ਤਾਂ ਕੁਝ ਲੋਕਾਂ ਨੇ ਇਨ੍ਹਾਂ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਵਕਤ ਉਨ੍ਹਾਂ ਨੇ ਬੜੇ ਹੀ ਦੁਖੀ ਮਨ ਨਾਲ ਕਿਹਾ ਕਿ ਮੈਂ ਪੰਜਾਬੀ ਮਾਂ ਬੋਲੀ ਦੀ ਚਾਲੀ ਸਾਲ ਸੇਵਾ ਕੀਤੀ ਹੈ ਤੇ ਜੋ ਨਿਰੰਤਰ ਜਾਰੀ ਹੈ ਮੈਂ ਤਾਂ ਗਲਤੀ ਦੀ ਭੁੱਲ ਚੁੱਕ ਖੇਮਾ ਵੀ ਮੰਗ ਲਈ ਹੈ ਫਿਰ ਇਹ ਵਿਵਾਦ ਕਿਉਂ ਸਾਡੀ ਰਾਇ ਮੁਤਾਬਕ ਲੋਕਾਂ ਨੂੰ ਵੀ ਸੋਚਣਾ ਚਾਹੀਦਾ ਹੈ ਕਿ ਮਾਨ ਸਾਹਿਬ ਨੇ ਆਪਣੀ ਪੂਰੀ ਜ਼ਿੰਦਗੀ ਪੰਜਾਬੀ ਮਾਂ ਬੋਲੀ ਦੇ ਲੇਖੇ ਲਾ ਦਿੱਤੀ ਕਿ ਉਨ੍ਹਾਂ ਨੂੰ ਅਜਿਹਾ ਸਲੂਕ ਨਹੀਂ ਕਰਨਾ ਚਾਹੀਦਾ ਸੀ ਮਾਨ ਨਾਲ ਜੋ ਕਿ ਬਹੁਤ ਹੀ ਮੰਦਭਾਗਾ ਸਲੂਕ ਕੀਤਾ ਪੰਜਾਬੀ ਮਾਂ ਬੋਲੀ ਲਈ ਮਾਨ ਸਾਹਿਬ ਨੇ ਜੋ ਕੁਝ ਕੀਤਾ ਸ਼ਾਇਦ ਹੀ ਕੋਈ ਹੋਰ ਕਲਾਕਾਰ ਜ਼ਿੰਦਗੀ ਚ ਕਰ ਪਾਊਂਗਾ ਜੋ ਇਨਸਾਨ ਇਸ ਧਰਤੀ ਤੇ ਆਇਆ ਹੈ ਆਖਰ ਨੂੰ ਉਸ ਨੇ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਕੇ ਡਿਊਟੀ ਪੂਰੀ ਕਰਦਿਆਂ ਇਸ ਫਾਨੀ ਦੁਨੀਆਂ ਨੂੰ ਅਲਵਿਦਾ ਕਹਿ ਜਾਣਾ ਹੈ ਇਹੋ ਇੱਕ ਪੰਜਾਬੀਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਹੈ ਕਿ ਗੁਰਦਾਸ ਮਾਨ ਮਾਨ ਤੋਂ ਬਾਅਦ ਪੰਜਾਬੀ ਮਾਂ ਬੋਲੀ ਨੂੰ ਜਿਊਂਦਾ ਰੱਖਣ ਵਾਲਾ ਹਾਲੇ ਤੱਕ ਕੋਈ ਵੀ ਪੈਦਾ ਨਹੀਂ ਹੋਇਆ ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਗੁਰਦਾਸ ਮਾਨ ਪ੍ਰਮਾਤਮਾ ਤੰਦਰੁਸਤੀ ਬਖਸ਼ੇ ਤਾਂ ਕਿ ਉਹ ਸਾਡੀ ਮਾਂ ਬੋਲੀ ਪੰਜਾਬੀ ਪੰਜਾਬ ਤੇ ਪੰਜਾਬੀਅਤ ਦੀ ਸੇਵਾ ਜਿਊਣ ਜੋਗਾ ਮਾਨ ਇਸੇ ਤਰ੍ਹਾਂ ਕਰਦਾ ਰਹੇ